6/12/16

ਦਫਤਰ ਮੁੱਖ ਇੰਜ਼ੀਨੀਅਰ (ਪੰਚਾਇਤੀ ਰਾਜ) ਲੋਕ ਨਿਰਮਾਣ ਪੰਜਾਬ
ਵਿਕਾਸ ਭਵਨ, ਸੈਕਟਰ 62, ਐਸ.ਏ.ਐਸ.ਨਗਰ
ਫੋਨ ਨੰ: 0172-2210036-37, Email:ceprpb@gmail.com

---

1. ਕਾਰਜਕਾਰੀ ਇੰਜੀਨੀਅਰ (ਪਰਡ) ਐਸ.ਏ.ਐਸ. ਨਗਰ ਦੀ ਸਿਫਾਰਸ ਦੇ ਅਧਾਰ ਤੇ ਇਸ ਦਫਤਰ ਦੇ ਪਿੱਠ ਅੰਕਣ ਨੰ:ਪਰਸ/ਵ/2016/(33)/1341-42 ਮਿਤੀ 14/03/2016 ਰਾਹੀ, "ਮੈਸਰਜ ਕਰੇਟਿਵ ਬਿਲਡਰਜ 4882-ਬੀ, ਗੁਰੂ ਅਰਜਨ ਦੇਵ ਨਗਰ, ਡਾਕਖਾਨਾ ਖਾਲਸਾ ਕਾਲਜ ਅੰਮ੍ਰਿਤਸਰ" ਨੂੰ ਦਰਜਾ-1 (ਸਿਵਲ ਬਿਲਡਿੰਗ ਵਰਕ) ਲਈ ਕੇਵਲ ਪੰਜ ਕਰੋੜ ਰੁਪਏ ਤੱਕ ਇਨਲਿਸਟ ਕੀਤਾ ਗਿਆ ਸੀ। ਜਿਸਦਾ ਇੰਨਲਿਸਟਮੈਟ ਨੰ: 101, ਮਿਤੀ **14/03/2016 ਹੈ। ਇਹ ਇਨਲਿਸਟਮੈਟ ਮਿਤੀ 13/03/2017 ਤੱਕ ਵੈਲਿਡ ਹੈ।**

2. ਇਸ ਫਰਮ ਵੱਲੋਂ ਇਨਲਿਸਟਮੈਟ ਸਬੰਧੀ ਜੋ ਪ੍ਰਤੀ ਬੇਨਤੀ ਕਾਰਜਕਾਰੀ ਇੰਜੀਨੀਅਰ (ਪਰਡ) ਐਸ.ਏ.ਐਸ. ਨਗਰ ਰਾਹੀ ਦਿੱਤੀ ਗਈ ਸੀ, ਵਿੱਚ ਕਾਰਜਕਾਰੀ ਇੰਜੀਨੀਅਰ (ਐਨ), ਮਾਰਕਫੈਡ ਜਲੰਧਰ ਅਤੇ ਸਹਾਇਕ ਕਮਾਂਡੈਂਟ ਇੰਜੀਨੀਅਰ, 29ਵੀਂ ਬਟਾਲੀਅਨ, ਆਈ.ਟੀ.ਬੀ. ਪੁਲਿਸ ਫੋਰਸ, ਡਾਕਖਾਨਾ ਪ੍ਰਤਾਪ ਨਗਰ, ਅੰਮ੍ਰਿਤਸਰ ਦੇ ਕੰਮਾਂ ਦੀ ਪ੍ਰਫਾਰਮੈਸ ਸਰਟੀਫਿਕੇਟ ਇਨਲਿਸਟਮੈਂਟ ਕਰਵਾਉਣ ਲਈ ਲਗਾਏ ਸਨ, ਦੇ ਸਹੀ ਹੋਣ ਦੀ ਪੁਸ਼ਟੀ ਕਰਨ ਲਈ ਦਫ਼ਤਰ ਵੱਲੋਂ ਕਾਰਜਕਾਰੀ ਇੰਜੀਨੀਅਰ (ਐਨ), ਮਾਰਕਫੈਡ ਜਲੰਧਰ ਨੂੰ ਲਿਖਿਆ ਗਿਆ ਸੀ। ਕਾਰਜਕਾਰੀ ਇੰਜੀਨੀਅਰ (ਐਨ), ਮਾਰਕਫੈਡ ਜਲੰਧਰ ਨੇ ਆਪਣੇ ਪੱਤਰ ਨੰ:EEN/FED/jal/2016/7452-53 ਮਿਤੀ 03.06.2016 ਰਾਹੀਂ ਹੇਠ ਲਿਖੇ ਅਨੁਸਾਰ ਰਿਪੋਰਟ ਕੀਤੀ ਗਈ ਹੈ:-

"In this connection, it is apprised that M/s Creative Builders, Amritsar has not done the works in Markfed, Division office, Jalandhar as mentioned in your above said letter."

3. ਇਸ ਤੋਂ ਇਲਾਵਾ ਸਹਾਇਕ ਕਮਾਂਡੈਂਟ ਇੰਜੀਨੀਅਰ, 29ਵੀਂ ਬਟਾਲੀਅਨ, ਆਈ.ਟੀ.ਬੀ. ਪੁਲਿਸ ਫੋਰਸ, ਡਾਕਖਾਨਾ ਪ੍ਰਤਾਪ ਨਗਰ, ਅੰਮ੍ਰਿਤਸਰ ਵੱਲੋਂ ਜਾਰੀ ਕੀਤੇ ਗਏ ਪ੍ਰਫਾਰਮੈਂਸ ਸਰਟੀਫਿਕੇਟ ਦੀ ਪੁਸ਼ਟੀ ਕਰਨ ਲਈ ਸਹਾਇਕ ਕਮਾਂਡੈਂਟ ਇੰਜੀਨੀਅਰ, 29ਵੀਂ ਬਟਾਲੀਅਨ, ਆਈ.ਟੀ.ਬੀ. ਪੁਲਿਸ ਫੋਰਸ, ਡਾਕਖਾਨਾ ਪ੍ਰਤਾਪ ਨਗਰ, ਅੰਮ੍ਰਿਤਸਰ ਨੂੰ ਵੀ ਲਿਖਿਆ ਗਿਆ ਸੀ। ਪਰੰਤੂ ਡਾਕ ਵਿਭਾਗ ਵਲੋ ਇਸ ਪੱਤਰ ਤੇ "Left RTS" ਦੇ ਰਿਮਾਕਸ ਦੇਣ ਉਪਰੰਤ ਇਹ ਪੱਤਰ ਅਨਡਲੀਵਰ ਹੀ ਇਸ ਦਫ਼ਤਰ ਨੂੰ ਪ੍ਰਾਪਤ ਹੋਇਆ ਹੈ। ਜਿਸ ਤੋਂ ਸਪੱਸ਼ਟ ਹੈ ਕਿ ਇਹ ਦਫ਼ਤਰ ਮੌਜੂਦ ਨਹੀਂ ਹੈ।

4. ਕਾਰਜਕਾਰੀ ਇੰਜੀਨੀਅਰ, ਮਾਰਕਫੈੱਡ ਜਲੰਧਰ ਵੱਲੋਂ ਕੀਤੀ ਰਿਪੋਰਟ ਅਤੇ ਸਹਾਇਕ ਕਮਾਂਡੈਂਟ ਇੰਜੀਨੀਅਰ, 29ਵੀਂ ਬਟਾਲੀਅਨ, ਆਈ.ਟੀ.ਬੀ. ਪੁਲਿਸ ਫੋਰਸ, ਡਾਕਖਾਨਾ ਪ੍ਰਤਾਪ ਨਗਰ, ਅੰਮ੍ਰਿਤਸਰ ਦੇ ਅਨਡਲੀਵਰ ਹੋਏ ਪੱਤਰ ਤੋਂ ਸਿੱਧ ਹੁੰਦਾ ਹੈ ਕਿ "ਮੈਸਰਜ ਕਰੇਟਿਵ ਬਿਲਡਰਜ 4882-ਬੀ, ਗੁਰੂ ਅਰਜਨ ਦੇਵ ਨਗਰ, ਡਾਕਖਾਨਾ ਖਾਲਸਾ ਕਾਲਜ ਅੰਮ੍ਰਿਤਸਰ" ਵੱਲੋਂ ਲਾਏ ਗਏ ਪ੍ਰਫਾਰਮੈਂਸ ਸਰਟੀਫਿਕੇਟ ਬੋਗਸ/ਗੱਲਤ ਹਨ। ਇਸ ਪ੍ਰਕਾਰ ਗੱਲਤ ਦਸਤਾਵੇਜ਼ ਪੇਸ਼ ਕਰਨ ਸਬੰਧੀ ਉਸ ਵਿਰੁੱਧ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਦੀ ਲੋੜ ਮਹਿਸੂਸ ਕੀਤੀ ਗਈ।

5. ਇਸ ਦਫ਼ਤਰ ਦੇ ਪੱਤਰ ਨੰ:ਮੁੱਖ.ਇੰਜ/ਪਰ/ਵ/2016/(33)/90 ਮਿਤੀ 12.07.2016, 267 ਮਿਤੀ 27.07.2016 ਅਤੇ 833 ਮਿਤੀ 05.09.2016 ਰਾਹੀਂ "ਮੈਸਰਜ ਕਰੇਟਿਵ ਬਿਲਡਰਜ 4882-ਬੀ, ਗੁਰੂ ਅਰਜਨ ਦੇਵ ਨਗਰ, ਡਾਕਖਾਨਾ ਖਾਲਸਾ ਕਾਲਜ ਅੰਮ੍ਰਿਤਸਰ" ਨੂੰ ਕਾਰਨ ਨੋਟਿਸ ਜਾਰੀ ਕਰਦੇ ਹੋਏ ਆਪਣੀ ਸਫਾਈ ਪੇਸ ਕਰਨ ਦਾ ਮੌਕਾ ਦਿਤਾ ਗਿਆ। ਇਸ ਫਰਮ ਨੇ ਆਪਣੀ ਪ੍ਰਤੀ ਬੇਨਤੀ ਮਿਤੀ 13.09.2016 ਰਾਹੀ ਹੇਠ ਲਿਖੇ ਅਨੁਸਾਰ ਜਵਾਬ ਭੇਜਿਆ ਗਿਆ :-

"So the question of relying upon the alleged Executive Engineer. Markfed, Jallandhar's letter no. EEN/Fed/jal/2016/7452-53 dated 03-06-2016 by us does not arise at all. We do-not know why, how and whom the alleged performance certificates and work-orders were later on made part of my said application"

6. ਇਸ ਫਰਮ ਦੀ ਪ੍ਰਾਪਤ ਹੋਈ ਪ੍ਰਤੀ ਬੇਨਤੀ ਦੀ ਕਾਪੀ ਕਾਰਜਕਾਰੀ ਇੰਜੀਨੀਅਰ (ਪਰਡ) ਐਸ.ਏ.ਐਸ. ਨਗਰ ਨੂੰ ਇਸ ਦਫ਼ਤਰ ਦੇ ਪੱਤਰ ਨੰ: ਮੁੱਖ.ਇੰਜ./ਪਰ/ਵ/2016/(33)/1200 ਮਿਤੀ 29-09-2016 ਰਾਹੀਂ ਟਿੱਪਣੀ ਲਈ ਭੇਜੀ ਗਈ। ਕਾਰਜਕਾਰੀ ਇੰਜੀਨੀਅਰ (ਪਰਡ) ਐਸ.ਏ.ਐਸ. ਨਗਰ ਵਲੋ ਆਪਣੇ ਪੱਤਰ ਨੰ: ਪਰਡ/ਸਾਅਸਨ/16/2306 ਮਿਤੀ 20/10/2016 ਰਾਹੀ ਰਿਪੋਰਟ ਕੀਤੀ ਗਈ ਹੈ ਕਿ ਇਸ ਫਰਮ ਵੱਲੋਂ ਇਨਲਿਸਟਮੈਂਟ ਨਾਲ ਜ਼ੋ 36 ਨੰਬਰ ਦਸਤਾਵੇਜ ਕੇਸ ਨਾਲ ਲਗਾਏ ਗਏ ਹਨ ਵਿੱਚੋਂ ਜਿਆਦਾਤਰ ਦਸਤਾਵੇਜ਼ "Gurmeet Singh, Notry Public for Distt. Amritsar" ਵੱਲੋਂ ਤਸਦੀਕ ਕੀਤੇ ਗਏ ਹਨ। ਇਨ੍ਹਾਂ ਦਸਤਾਵੇਜਾਂ ਵਿੱਚ ਕਾਰਜਕਾਰੀ ਇੰਜੀਨੀਅਰ, ਮਾਰਕਫੈੱਡ ਜਲੰਧਰ ਅਤੇ ਸਹਾਇਕ ਕਮਾਂਡੈਂਟ ਇੰਜੀਨੀਅਰ, 29ਵੀਂ ਬਟਾਲੀਅਨ, ਆਈ.ਟੀ.ਬੀ. ਪੁਲਿਸ ਫੋਰਸ, ਡਾਕਖਾਨਾ ਪ੍ਰਤਾਪ ਨਗਰ, ਅੰਮ੍ਰਿਤਸਰ ਦੇ ਇਹ ਦਸਤਾਵੇਜ਼ ਵੀ ਆਉਂਦੇ ਹਨ, ਜਿਸ ਤੋਂ ਸਪੱਸ਼ਟ ਹੈ ਕਿ ਇਹ ਦਸਤਾਵੇਜ਼ ਕੇਸ ਨਾਲ ਉਨਾਂ ਵਲੋ ਹੀ ਲਾਏ ਗਏ ਸਨ। ਇਨ੍ਹਾਂ ਤੱਥਾਂ ਦੇ ਮੱਦੇਨਜ਼ਰ ਕਾਰਜਕਾਰੀ ਇੰਜੀਨੀਅਰ (ਪਰਡ) ਐਸ. ਏ. ਐਸ. ਨਗਰ ਨੇ ਇਸ ਫਰਮ ਵਿਰੁੱਧ ਢੁੱਕਵੀ ਕਾਰਵਾਈ ਕਰਨ ਦੀ ਸਿਫਾਰਸ ਕੀਤੀ ਹੈ।

7. ਕਿਉਂ ਜੋ ਰਿਕਾਰਡ ਤੇ ਇਸ ਗੱਲ ਦੀ ਪੂਰੀ ਤਰਾਂ ਪੁਸ਼ਟੀ ਹੋ ਗਈ ਹੈ ਕਿ ਇਸ ਫਰਮ ਨੇ ਇਨਲਿਸਟਮੈਂਟ ਸਬੰਧੀ ਪ੍ਰਫਾਰਮੈਸ ਸਰਟੀਫਿਕੇਟ ਵਿੱਚ ਮੰਦ ਭਾਵਨਾਂ ਨਾਲ ਬੋਗਸ ਦਸਤਾਵੇਜ਼ ਲਾਏ ਗਏ ਹਨ। ਇਸ ਲਈ ਇਨਾਂ ਹਾਲਾਤਾਂ ਵਿੱਚ ਉਸਦੀ ਇਨਲਿਸਟਮੈਂਟ ਹੋਰ ਸਮੇ ਤੱਕ ਬਰਕਰਾਰ ਰੱਖਣੀ ਉਚਿੱਤ ਨਹੀ ਹੈ।

8. ਇਨਲਿਸਟਮੈਟ ਸਬੰਧੀ ਜਾਰੀ ਹੋਈਆਂ ਹਦਾਇਤਾਂ ਦੇ ਪੈਰ੍ਹਾ ਨੰ: 19(II) ਦੇ (f) ਅਤੇ (g) ਤਹਿਤ "ਮੈਸਰਜ ਕਰੇਟਿਵ ਬਿਲਡਰਜ 4882-ਬੀ, ਗੁਰੂ ਅਰਜਨ ਦੇਵ ਨਗਰ, ਡਾਕਖਾਨਾ ਖਾਲਸਾ ਕਾਲਜ ਅੰਮ੍ਰਿਤਸਰ" ਦੀ ਇਹ ਇਨਲਿਸਟਮੈਂਟ ਤੁਰੰਤ ਰੱਦ ਕੀਤੀ ਜਾਂਦੀ ਹੈ।

ਐਸ.ਏ.ਐਸ ਨਗਰ
ਮਿਤੀ: 27.10.2016

(ਪ੍ਰਕਾਸ਼ ਸਿੰਘ)
ਮੁੱਖ ਇੰਜੀਨੀਅਰ (ਪਰ) ਪੰਜਾਬ।

ਪਿੱਠ ਅੰਕਣ ਨੰ:ਮੁੱਖ.ਇੰਜ/ਪਰ/ਵ/2016/(33)/ ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

**ਰਜਿਸਟਰਡ (ਲੜੀ ਨੰ: 1 ਲਈ)**

1) "ਮੈਸਰਜ ਕਰੇਟਿਵ ਬਿਲਡਰਜ 4882-ਬੀ, ਗੁਰੂ ਅਰਜਨ ਦੇਵ ਨਗਰ, ਡਾਕਖਾਨਾ ਖਾਲਸਾ ਕਾਲਜ ਅੰਮ੍ਰਿਤਸਰ"।
2) ਕਾਰਜਕਾਰੀ ਇੰਜੀਨੀਅਰ (ਪਰਡ) ਐਸ.ਏ.ਐਸ. ਨਗਰ ਨੂੰ ਉਨਾਂ ਦੇ ਦਫਤਰ ਦੇ ਪੱਤਰ ਨੰ:ਪਰਡ/ਸਾਅਸਨ/16/2306 ਮਿਤੀ 20/10/2016

ਮੁੱਖ ਇੰਜੀਨੀਅਰ (ਪਰ) ਪੰਜਾਬ।

16711
29 DEC 2016
ਚੰਡੀਗੜ੍ਹ

ਪਿੱਠ ਅੰਕਣ ਨੰ:ਮੁੱਖ.ਇੰਜ/ਪਰ/ਵ/2016(33)/ 1581-1608 ਮਿਤੀ 04-11-16

1 ਇੰਜੀਨੀਅਰ-ਇੰਨ-ਚੀਫ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ।
2 ਮੁੱਖ ਇੰਜੀਨੀਅਰ ਪੰਜਾਬ ਲੋ.ਨਿ.ਵਿ. (ਭ ਤੇ ਮ), ਪਟਿਆਲਾ।
3 ਮੁੱਖ ਇੰਜੀਨੀਅਰ, ਪੰਜਾਬ ਮੰਡੀ ਬੋਰਡ ।
4 ਮੁੱਖ ਇੰਜੀਨੀਅਰ (ਨਹਿਰਾਂ), ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ।
5 ਮੁੱਖ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ।
6 ਮੁੱਖ ਇੰਜੀਨੀਅਰ (ਪੁੱਡਾ), ਐਸ.ਏ.ਐਸ ਨਗਰ।
7 ਮੁੱਖ ਇੰਜੀਨੀਅਰ, ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ।
8 ਨਿਗਰਾਨ ਇੰਜੀਨੀਅਰ, ਮਾਰਕਫੈਂਡ ਪੰਜਾਬ, ਚੰਡੀਗੜ੍ਹ।
9 ਨਿਗਰਾਨ ਇੰਜੀਨੀਅਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ।
10 ਨਿਗਰਾਨ ਇੰਜੀਨੀਅਰ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ।
11 ਸਮੂਹ ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਲੋਕ ਨਿਰਮਾਣ ਮੰਡਲ, ਪੰਜਾਬ ਰਾਜ।

ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਮੁੱਖ ਇੰਜੀਨੀਅਰ (ਪਰ) ਪੰਜਾਬ।